ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।
ਪੰਜਵੀਂ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ./ਐ.ਸਿ.),
ਸਮੂਹ ਸਕੂਲ ਮੁਖੀ/ਪ੍ਰਿੰਸੀਪਲ।

ਮੀਮੋ ਨੰ. 6/1-2019 ਵਜੀਫਾ(2)
ਮਿਤੀ:-27-08-2019

ਵਿਸ਼ਾ:- ਵਿਦਿਅਕ ਸ਼ੈਸਨ 2019-20 ਲਈ ਸਕਾਲਰਸ਼ਿਪ ਸਕੀਮਾਂ ਲਈ epunjabschool.gov.in ਤੇ ਅਪਲਾਈ ਕਰਨ ਸਬੰਧੀ।

ਉਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਅਕ ਸ਼ੈਸਨ 2019-20 ਲਈ ਡਾਇਰੈਕਟਰ ਸਮਾਜਿਕ ਨਿਆਂ,ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,ਪੰਜਾਬ ਦੇ ਹੁਕਮਾਂ ਅਨੁਸਾਰ ਹੇਠਾਂ ਦਰਸਾਈਆਂ ਸਕੀਮਾਂ ਵਿੱਚ ਅਪਲਾਈ ਕਰਨ ਲਈ ਸਡਿਊਲ ਹੇਠਾਂ ਦਰਸਾਏ ਅਨੁਸਾਰ ਹੈ।ਇਸ ਤੋਂ ਇਲਾਵਾ ਜੇਕਰ ਬਾਕੀ ਸਕੀਮਾਂ ਅਧੀਨ ਬਜਟ ਉਪਬੰਧ ਹੁੰਦਾ ਹੈ ਤਾਂ ਉਨ੍ਹਾ ਸਕੀਮਾਂ ਦਾ ਸਡਿਊਲ ਵੀ ਵੈਬਸਾਈਟ ਤੇ ਪਾ ਦਿੱਤਾ ਜਾਵੇਗਾ।

| Sr. No. | Scholarship scheme |
|---|---|
| 1. | Dr. Hargobind Khurana scholarship for brilliant students (11th (for march 2019 passout (new students) and 12th Class (for march 2018 passout (renew students) |
| 2. | Upgradation of merit to SC students (class 9th to 12th) |
| 3. | Pre matric scholarship scheme for the children whose parents are engaged in unclean occupation (Class 1st to 10th) |
| 4. | Pre matric scholarship scheme for OBC students (Class 1st to 10th) |
| 5. | Pre matric scholarship scheme for SC students studying in Class 9th to 10th |

**Activity Schedule to apply in various Pre matric scholarship schemes on E-Punjab Portal for the academic session 2019-20.**

| | | |
|---|---|---|
| 1 | Opening of Portal | 28 Aug, 2019 |
| 2 | The last date of submission of online applications | 16 Sep, 2019 |
| 3 | The last date for the Schools to approve and forward online data to Districts | 23 Sep, 2019 |
| 4 | The last for the Schools to correct temporary rejections and forward online data to districts | 23 Sep, 2019 |
| 5 | Districts to approve and forward online data to State | 16 Sep - 04 SOct, 2019 |

ਧਿਆਨ ਵਿੱਚ ਰੱਖਣ ਯੋਗ ਤੱਥ:-

- ਸਮੂਹ ਜਿਲ੍ਹੇ ਡਾਟਾ ਫਾਰਵਾਰਡ/ਅਪਰੂਵ ਕਰਨ ਸਮੇਂ ਸਕੀਮ ਦੀਆਂ ਹਦਾਇਤਾ ਨੂੰ ਧਿਆਨ ਵਿੱਚ ਰੱਖਦਿਆ ਅਤੇ ਲਗਾਏ ਗਏ Checks ਤੋਂ Filtered ਦਰੁਸਤ ਡਾਟਾ ਹੀ ਸਟੇਟ ਪੱਧਰ ਨੂੰ ਫਾਰਵਾਰਡ ਕਰਨ।
- ਸਟੇਟ ਪੱਧਰ ਵੱਲੋਂ Permanent data rejection ਕੀਤੀ ਜਾਵੇਗੀ। ਸਟੇਟ ਪੱਧਰ ਤੇ ਰਿਜੈਕਟ ਕੀਤੇ ਗਏ ਵਿਦਿਆਰਥੀ Permanent reject ਸਮਝੇ ਜਾਣਗੇ ਅਤੇ ਉਹਨਾ ਵੱਲੋਂ ਚਾਲੂ ਵਿਦਿਆਕ ਸੈਸ਼ਨ ਲਈ ਵਜੀਫਾ ਸਕੀਮ ਵਿੱਚ ਅਪਲਾਈ ਨਹੀਂ ਕੀਤਾ ਜਾ ਸਕੇਗਾ।
- ਇਸ ਲਈ ਜਿਲ੍ਹਾ ਪੱਧਰ ਤੇ Temporary data rejection ਅਤੇ ਸਟੇਟ ਪੱਧਰ ਤੇ Permanent data rejection ਹੋਣ ਕਾਰਨ, ਜੇਕਰ ਕਿਸੇ ਵੀ ਵਿਦਿਆਰਥੀ ਦੇ ਡਾਟੇ ਵਿੱਚ ਕੋਈ ਗਲਤੀ ਹੈ ਜਾਂ ਉਸ ਸਕੀਮ ਅਧੀਨ ਯੋਗ ਨਹੀਂ ਹੈ, ਤਾਂ ਉਸ ਨੂੰ ਜਿਲ੍ਹਾ ਪੱਧਰ ਤੇ ਹੀ ਡਿਸਅਪਰੂਵ ਕਰਕੇ ਸਕੂਲ ਦੀ ਲਾਗ ਇੰਨ ਆਈ.ਡੀ ਵਿੱਚ ਵਾਪਿਸ ਭੇਜ ਦਿੱਤਾ ਜਾਵੇ, ਤਾਂ ਜੋ ਸਕੂਲਾਂ ਵੱਲੋਂ ਸਮੇਂ ਸਿਰ ਡਾਟਾ ਦਰੁਸਤ ਕਰਕੇ ਅੱਗੇ ਫਾਰਵਾਰਡ ਕੀਤਾ ਜਾ ਸਕੇ। ਜੇਕਰ ਕੋਈ ਵੀ ਵਿਦਿਆਰਥੀ ਵਜੀਫਾ ਸਕੀਮ ਦਾ ਲਾਭ ਲੈਣ ਤੋ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ।
- ਡਾ. ਹਰਗੋਬਿੰਦ ਖੁਰਾਣਾ ਸਕਾਲਰਸਿਪ ਸਕੀਮ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਈ-ਪੰਜਾਬ ਪੋਰਟਲ ਤੇ ਕੇਵਲ ਸਕੂਲਾ ਦਾ ਡਾਟਾ ਹੀ ਹੈ। ਇਸ ਲਈ ਇਸ ਸਕੀਮ ਅਧੀਨ ਕਵਰ ਹੁੰਦੇ ਵਿਦਿਆਰਥੀ ਜੋ ਪੋਲੀਟੈਕਨੀਕਲ ਜਾਂ ਆਈ.ਟੀ.ਆਈ/ ਕਾਲਜੀਏਟ ਸਕੂਲ ਵਿੱਚ ਪੜ ਰਹੇ ਹਨ, ਉਹਨਾਂ ਵਿਦਿਆਰਥੀਆ ਦੀ ਤਜਵੀਜ **Manually/Offline E-Mail** ਰਾਹੀਂ ਇਸ ਦਫਤਰ ਨੂੰ ਭੇਜੀ ਜਾਵੇ। ਜਿਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹੇ ਦੇ ਵਜੀਫੇ ਦੇ ਨੋਡਲ ਅਫਸਰ ਦੀ ਨਿੱਜੀ ਹੋਵੇਗੀ। ਮੈਰੀਟੋਰੀਅਸ ਸਕੂਲਾ ਵਿੱਚ ਪੜ੍ਹ ਰਹੇ ਵਿਦਿਆਰਥੀ ਇਸ ਵਜੀਫੇ ਦੇ ਯੋਗ ਨਹੀਂ ਹਨ।
- 55-ਅਵਾਰਡ ਟੂ ਐਸ.ਸੀ. ਸਟੂਡੈਂਟਸ ਸਕੀਮ ਬਾਰੇ ਦੱਸਿਆ ਜਾਂਦਾ ਹੈ ਕਿ ਇਸ ਸਕੀਮ ਦਾ ਲਿੰਕ ਜਿਲ੍ਹਾ ਪੱਧਰ ਤੇ ਦਿੱਤਾ ਗਿਆ ਹੈ,ਇਸ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ-ਆਪਣੇ ਅਧੀਨ ਆਉਂਦੇ ਸਕੂਲਾਂ ਤੋਂ ਯੋਗ ਵਿਦਿਆਰਥੀਆਂ ਦਾ ਡਾਟਾ ਲੈ ਕੇ ਇਸ ਸਕੀਮ ਅਧੀਨ ਅਪਲਾਈ ਕਰਵਾਇਆ ਜਾਵੇ। ਇਸ ਸਕੀਮ ਅਧੀਨ ਆਫ-ਲਾਈਨ ਤਜਵੀਜ ਨਾ ਭੇਜੀ ਜਾਵੇ।

ਨੋਟ:- ਮਿੱਥੀ ਮਿਤੀ ਤੱਕ ਜੇਕਰ ਕਿਸੇ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਸਮੇਂ ਸਿਰ ਅਪਲਾਈ ਨਹੀਂ ਕਰਵਾਇਆ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹੇ ਦੇ ਵਜੀਫੇ ਦੇ ਨੋਡਲ ਅਫਸਰ ਦੀ ਨਿੱਜੀ ਹੋਵੇਗੀ।

27/8/19
ਸਹਾਇਕ ਡਾਇਰੈਕਟਰ (ਵਜੀਫਾ)

ਪਿੱਠ ਅੰਕਣ ਨੰ. ਉਕਤ ਮਿਤੀ:- ਉਕਤ

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਸਕੂਲ ਸਿੱਖਿਆ (ਐ.ਸਿ.),ਪੰਜਾਬ। 27/8/19
2. ਡੀ.ਐਮ/ਐਮ.ਆਈ.ਐਸ.ਵਿੰਗ., ਦਫਤਰ ਡੀ.ਜੀ.ਐਸ.ਈ.,ਪੰਜਾਬ।

27/8/19
ਸਹਾਇਕ ਡਾਇਰੈਕਟਰ (ਵਜੀਫਾ)

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਸੰਗਰੂਰ

ਪਿੱਠ ਅੰਕਣ ਨੰਬਰ ਜੀ-2,8( )2019/20192575912

ਮਿਤੀ 28-08-2019

ਪਿਛਲੇ ਪੰਨੇ ਦਾ ਉਤਾਰਾ ਜਿਲ੍ਹਾ ਸੰਗਰੂਰ ਦੇ ਸਮੂਹ ਸਕੂਲ ਸਰਕਾਰੀ/ਪ੍ਰਾਇਵੇਟ/ਮਾਡਲ ਏਡਿਡ/ ਪ੍ਰਿੰਸੀਪਲ/ਮੁੱਖਅਧਿਆਪਕਾਂ ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਸੰਗਰੂਰ
28/8/19